Punjabi

# ਹਾਲਟਨ ਨਿਰਪੱਖ ਨਿਰਨਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਚਾਰਟਰ

## ਸੁਪਨਾ

ਇੱਕ ਭਾਈਵਾਲੀ ਵਾਲਾ ਸਮੁਦਾਅ ਜਿਸ ਵਿੱਚ ਸਭ ਲੋਕਾਂ ਦੀ ਕਦਰ ਹੋਵੇ, ਸਤਿਕਾਰ ਹੋਵੇ ਅਤੇ ਆਪਣੀ ਸਮਰਥਾ ਤਕ ਪਹੁੰਚਣ ਲਈ ਸ਼ਕਤੀ ਪ੍ਰਾਪਤ ਹੋਵੇ।

## ਵਚਨਬੱਧਤਾ

1. ਅਜਿਹੇ ਸੁਰੱਖਿਅਤ ਅਤੇ ਦੋਸਤਾਨਾ ਸਮੁਦਾਵਾਂ ਨੂੰ ਪ੍ਰੋਤਸ਼ਾਹਤ ਕਰਨਾ ਜਿਨ੍ਹਾਂ ਵਿੱਚ ਸਾਰੇ ਵਾਸੀਆਂ ਦੀ ਵੰਨ-ਸੁਵੰਨਤਾ ਦੀ ਝਲਕ ਮਿਲਦੀ ਹੋਵੇ।
2. ਵਾਸੀਆਂ ਦੀਆਂ ਲੋੜਾਂ ਮੁਤਾਬਕ ਨਿਰਪੱਖ ਨਿਰਨੇ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਵਾਲਾ ਇੱਕ ਰਵੱਈਆ ਸਮੁੱਚੇ ਤੌਰ ਤੇ ਅਖਤਿਆਰ ਕਰਨਾ ਅਤੇ ਉਸ ਨੂੰ ਨੀਤੀਆਂ ਵਿੱਚ ਦਰਸਾਉਣਾ।
3. ਫੈਸਲੇ ਲੈਣ ਵਾਲੀਆਂ ਭੂਮਿਕਾਵਾਂ ਵਿੱਚ ਵੰਨ-ਸੁਵੰਨਤਾ ਦੀ ਨੁਮਾਇੰਦਗੀ ਨੂੰ ਵਧਾਉਣਾ
4. ਅਜਿਹੇ ਸਥਾਨਾਂ ਨੂੰ ਵਧਾਵਾ ਦੇਣਾ ਜਿਥੇ ਸਭ ਲੋਕਾਂ ਨੂੰ ਆਪਣੇਪਨ ਦਾ ਇੱਕੋ ਜਿਹਾ ਅਹਿਸਾਸ ਹੋਵੇ
5. ਵਾਸੀਆਂ ਨੂੰ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਅਤੇ ਸਮਰਥਾ ਮੁਤਾਬਕ ਪੂਰੀ ਭਾਗੀਦਾਰੀ ਦੇ ਮੌਕੇ ਪ੍ਰਦਾਨ ਕਰਨਾ
6. ਇਕਜੁਟਤਾ ਅਤੇ ਮਿੱਤਰਤਾ ਦੇ ਵਾਧੇ ਲਈ ਵਿਭਿੰਨ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸੰਬੰਧਾਂ ਦੀ ਉਸਾਰੀ ਨੂੰ ਪ੍ਰੋਤਸ਼ਾਹਤ ਕਰਨਾ
7. ਵਿਵਸਥਾਤਮਕ ਪੱਖਪਾਤ ਅਤੇ ਰੁਕਾਵਟਾਂ ਨੂੰ ਖਤਮ ਕਰਨ ਵਿੱਚ ਸਹਾਇਤਾ ਕਰਨਾ
8. ਹਾਸ਼ੀਏ 'ਤੇ ਖੜ੍ਹੇ ਕੀਤੇ ਸਮੁਦਾਵਾਂ ਲਈ ਸਿੱਖਿਆ, ਰੁਜ਼ਗਾਰ ਅਤੇ ਸਿਖਲਾਈ ਦੇ ਮੌਕੇ ਮੁਹੱਈਆ ਕਰਨਾ
9. ਸਮੁਦਾਅ ਦੇ ਸਾਰੇ ਮੈਂਬਰਾਂ ਦੇ ਬਹੁਮੁੱਲੇ ਯੋਗਦਾਨ ਨੂੰ ਸਵੀਕਾਰ ਕਰਨਾ
10. ਇਸ ਗੱਲ ਦੀ ਹਮਾਇਤ ਕਰਨਾ ਕਿ ਜਨਤਕ ਅਤੇ ਸਮੁਦਾਇਕ ਸੇਵਾਵਾਂ ਸਭ ਲੋਕਾਂ ਲਈ ਹੋਣ ਅਤੇ ਵਿਭਿੰਨ ਵਾਸੀਆਂ ਅਤੇ ਸਮੁਦਾਵਾਂ ਦੀਆਂ ਲੋੜਾਂ ਨੂੰ ਦਰਸਾਉਣ।

***ਨਿਰਪੱਖ ਨਿਰਨਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ* (Equity, Diversity and Inclusion) (EDI) ਚਾਰਟਰ ਨਿਰਪੱਖਤਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੀਆਂ ਮੁੱਲ-ਕਦਰਾਂ ਲਈ ਵਚਨਬੱਧਤਾ ਦਾ ਸਪਸ਼ਟ ਬਿਆਨ ਹੈ।**

EDI ਚਾਰਟਰ ਇੱਕ ਜੀਵੰਤ ਦਸਤਾਵੇਜ਼ ਹੈ ਜੋ ਹਾਲਟਨ ਵਾਸੀਆਂ ਅਤੇ ਸਮੁਦਾਅ ਦੇ ਭਾਗੀਦਾਰਾਂ ਤੋਂ ਮਿਲੇ ਫੀਡਬੈਕ 'ਤੇ ਅਧਾਰਤ ਹੈ। ਇਹ ਚਾਰਟਰ ਵਾਸੀਆਂ ਦੇ ਤਜਰਬੇ ਦੀ ਸੱਚਾਈ ਨੂੰ, ਅਤੇ ਵਿਵਸਥਾਤਮਕ ਰੁਕਾਵਟਾਂ ਨੂੰ ਹਟਾਉਣ ਅਤੇ ਸ਼ਮੂਲੀਅਤ ਦੀ ਹਮਾਇਤ ਕਰਨ ਲਈ ਉਹਨਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਚਾਰਟਰ ਦਾ ਉਦੇਸ਼ ਆਪਣੇ ਇਲਾਕੇ ਵਿੱਚ ਨਿਰਪੱਖਤਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੇ ਵਾਧੇ ਲਈ ਹਾਲਟਨ ਦੇ ਸਮੁਦਾਅ ਦਾ ਮਾਰਗ ਦਰਸ਼ਨ ਕਰਨਾ ਹੈ।

ਹਾਲਟਨ ਵਿੱਚ ਬਰਲਿੰਗਟਨ, ਹਾਲਟਨ ਹਿਲਜ਼, ਮਿਲਟਨ ਅਤੇ ਓਕਵਿੱਲ ਦੀਆਂ ਉੱਘੀਆਂ ਨਗਰ ਪਾਲਿਕਾਵਾਂ ਸ਼ਾਮਲ ਹਨ। ਵਾਸੀਆਂ ਦੀਆਂ ਪ੍ਰਮੁੱਖ ਸਮੱਸਿਆਵਾਂ ਨੂੰ ਸਮਝਣ ਲਈ *ਹਾਲਟਨ ਨਿਰਪੱਖ ਨਿਰਨਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਰਾਊਂਡਟੇਬਲ* (HEDR) ਨੇ ਲੋਕਾਂ ਨਾਲ ਸਲਾਹ ਮਸ਼ਵਰਾ ਕੀਤਾ। ਜਿਹੜੀਆਂ ਤਰਜੀਹਾਂ ਦੀ ਪਛਾਣ ਕੀਤੀ ਗਈ, ਉਹਨਾਂ ਵਿੱਚ ਆਵਾਜਾਈ ਦੇ ਸਾਧਨ ਅਤੇ ਸਸਤੀ ਰਿਹਾਇਸ਼ ਦੀ ਥਾਂ ਸ਼ਾਮਲ ਸਨ। ਜੋ ਮੁੱਖ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਉਹ ਗਰੀਬੀ ਦੇ ਨਸਲੀਕਰਣ, ਨਸਲੀ ਭੇਦ ਭਾਵ, ਸਭਿਆਚਾਰਕ ਜਾਗਰੂਕਤਾ ਦੀ ਘਾਟ ਅਤੇ ਵੱਧਦੀ ਅਲਹਿਦਗੀ ਦੇ ਕਾਰਨ ਸਾਂਝ ਦੇ ਸੀਮਤ ਅਹਿਸਾਸ ਦੇ ਨਾਲ ਜੁੜੀਆਂ ਸਨ।

ਇਸ ਚਾਰਟਰ ਦਾ ਸਮਰਥਨ ਕਰਕੇ ਲੋਕ ਅਤੇ ਸੰਸਥਾਵਾਂ ਇਹਨਾਂ ਗੱਲਾਂ ਲਈ ਵਚਨਬੱਧ ਹੁੰਦੇ ਹਨ: ਮਿੱਤਰਤਾ ਦੇ ਨਜ਼ਰੀਏ ਤੋਂ ਵੰਨ-ਸੁਵੰਨਤਾ ਨੂੰ ਦੇਖਣਾ, ਸਾਂਝੀਆਂ ਥਾਂਵਾਂ ਨੂੰ ਨਿਰਪੱਖ ਨਿਰਨੇ ਦੇ ਇੱਕ ਅਹਿਮ ਹਿੱਸੇ ਵਜੋਂ ਮੰਨਣਾ, ਅਤੇ ਹਾਲਟਨ ਦੇ ਸਾਰੇ ਵਾਸੀਆਂ ਨੂੰ ਸਵੀਕਾਰ ਕਰਕੇ ਸ਼ਮੂਲੀਅਤ ਨੂੰ ਪ੍ਰਵਾਨਗੀ ਦੇਣਾ, ਹਨ।

___________________________________

ਨਾਂ

___________________________________

ਮਿਤੀ

___________________________________

ਸੰਸਥਾ (ਜੇ ਲਾਗੂ ਹੁੰਦਾ ਹੈ)